# ਖ਼ੁਲਾਸਾ ਖ਼ੁਤਬਾ ਜੁਮੱਾ 11-04-2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਅਜਿਹੇ ਨਿਸ਼ਾਨਾ (ਚਮਤਕਾਰਾਂ) ਦਾ ਵਰਨਣ ਕਰਾਂਗਾ ਜੋ ਅੱਜ ਦੇ ਦਿਨ 11 ਅਪ੍ਰੈਲ, 1900 ਈ. ਵਿੱਚ ਪ੍ਰਕਟ ਹੋਇਆ । ਇਹ ਚਮਤਕਾਰ ਆਪਜੀ ਦਾ ਅਰਬੀ ਭਾਸ਼ਾ ਵਿੱਚ ਖ਼ੁਤਬਾ (ਭਾਸ਼ਣ) ਹੈ ਜੋ ਵਿਸ਼ੇਸ਼ ਇਲਾਹੀ ਮਿਹਰ ਨਾਲ ਆਪ ਜੀ ਦੇ ਮੁੱਖੋਂ ਅਰੰਭ ਹੋਇਆ । ਇਹ ਇਕ ਅਜਿਹਾ ਚਮਤਕਾਰ ਸੀ ਜੋ ਇਲਹਾਮੀ ਸੀ ਇਸ ਲਈ ਇਸ ਦਾ ਨਾਂ "ਖ਼ੁਤਬਾ ਇਲਹਾਮੀਯਹ" ਰੱਖਿਆ ਗਿਆ । ਇਸ ਇਲਹਾਮੀ ਖ਼ੁਤਬੇ ਅਤੇ ਇਸ ਇਲਹਾਮੀ ਅਵਸਥਾ ਨੂੰ ਲਗਭਗ ਦੋ ਸੌ ਲੋਕਾਂ ਨੇ ਸੁਣਿਆ ਤੇ ਦੇਖਿਆ । ਮੈਨੂੰ ਵੀ ਕਿਸੇ ਨੇ ਇਸ ਵੱਲ ਧਿਆਨ ਦੁਆਇਆ ਕਿ ਅੱਜ ਦੇ ਦਿਨ ਦੀ ਵਿਸ਼ੇਸ਼ਤਾ ਨਾਲ ਸੰਬੰਧਤ ਜੱਦ ਕਿ ਅੱਜ ਵੀ ਜੁਮੱਾ ਹੈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਦੇ ਇਸ ਮਹਾਨ ਚਮਤਕਾਰ ਨੂੰ ਵਰਨਣ ਕਰਾਂ । ਕਿਉਂਕਿ ਅਜਿਹੇ ਅਹਮਦੀ ਵੀ ਹਨ ਜੋ ਸੰਭਵਤਾ ਖ਼ੁਤਬਾ ਇਲਹਾਮੀਯਹ ਦਾ ਨਾਂ ਤਾਂ ਜਾਣਦੇ ਹੋਣ ਕਿਤਾਬੀ ਰੂਪ ਵਿੱਚ ਪ੍ਰਕਾਸ਼ਤ ਹੈ ਪਰ ਉਸ ਦੇ ਇਤਿਹਾਸ, ਪਿਛੋਕੜ ਅਤੇ ਵਿਸ਼ੇ ਬਾਰੇ ਜਾਨਕਾਰੀ ਨਹੀਂ ਰੱਖਦੇ । ਇਸ ਗੱਲ ਨੇ ਵੀ ਮੈਨੂੰ ਹੈਰਾਨੀ ਵਿੱਚ ਪਾ ਦਿੱਤਾ, ਜੱਦ ਮੈਨੂੰ ਪਤਾ ਲੱਗਾ ਕਿ ਕੁਝ ਅਜਿਹੇ ਵੀ ਹਨ ਜਿਨ੍ਹਾ ਨੂੰ ਇਹ ਪਤਾ ਹੀ ਨਹੀਂ ਕਿ ਖ਼ੁਤਬਾ ਇਲਹਾਮੀਯਹ ਕੀ ਚੀਜ਼ ਹੈ । ਹਰ ਅਹਮਦੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਚਮਤਾਕਰ ਜੋ ਰੱਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਤਾਈਦ ਵਿੱਚ ਦਿਖਾਏ ਹਨ ਅਜਿਹੇ ਹਨ ਜੋ ਸਾਡੇ ਈਮਾਨ ਨੂੰ ਪੱਕਿਆਂ ਕਰਦੇ ਹਨ ਅਤੇ ਅਹਮਦੀਯਤ ਦੇ ਵਿਰੋਧੀਆਂ ਦਾ ਮੂੰਹ ਬੰਦ ਕਰਨ ਲਈ ਸਾਨੂੰ ਉਪਕਰਣ (ਅਸਲਾ, ਸ਼ਸਤਰ) ਪ੍ਰਦਾਨ ਕਰਦੇ ਹਨ । ਆਪ ਜੀ ਦੀ ਸਚੱਾਈ ਦੀਆਂ ਦਲੀਲਾਂ ਪ੍ਰਸਤੁਤ ਕਰਦੇ ਹਨ । ਵਿਸ਼ੇਸ਼ ਤੌਰ'ਤੇ 'ਖ਼ੁਤਬਾ ਇਲਹਾਮੀਯਹ' ਤਾਂ ਮਹਤੱਵਪੂਰਨ ਚਮਤਕਾਰਾਂ ਵਿੱਚੋਂ ਹੈ ਜਿਸ ਨੇ ਵੱਡੇ ਵੱਡੇ ਦਿਵਾਨਾਂ ਦਾ ਮੂੰਹ ਬੰਦ ਕਰ ਦਿੱਤਾ । ਸੋ, ਜਿਵੇਂ ਕਿ ਮੈਂ ਕਿਹਾ ਕਿ ਸੰਖੇਪ ਜਿਹਾ ਇਤਿਹਾਸ ਤੇ ਪਿਛੋਕੜ ਪੇਸ਼ ਕਰਾਂਗਾ ਅਤੇ ਇਹ ਵੀ ਕਿ ਉਸ ਨੇ ਆਪਣਿਆਂ ਉਪੱਰ ਉਸ ਸਮੇਂ ਕੀ ਪ੍ਰਭਾਵ ਪਾਇਆ । ਕਿਹੜੀ ਅਵਸਥਾ ਵਿੱਚੋਂ ਉਹ ਲੰਘੇ ਅਤੇ ਗ਼ੈਰ ਉਸ ਬਾਰੇ ਕੀ ਕਹਿੰਦੇ ਹਨ । ਇਸੇ ਪ੍ਰਕਾਰ ਇਸ ਖ਼ੁਤਬੇ ਦੀਆਂ ਕੁਝ ਪੰਕਤੀਆਂ ਜਾਂ ਕੁਝ ਛੋਟੇ ਕਥਨ ਪੇਸ਼ ਕਰਾਂਗਾ ।

ਇਸ ਇਲਹਾਮੀ ਖ਼ੁਤਬੇ ਦੀ ਵਾਸਤਕਿਤਾ ਅਤੇ ਅਜ਼ਮਤ ਦਾ ਤਾਂ ਇਸ ਨੂੰ ਪੜ੍ਹ ਕੇ ਹੀ ਪਤਾ ਲਗੱਦਾ ਹੈ, ਪਰ ਇਹ ਕੁਝ ਵਾਕ ਜੋ ਮੈਂ ਪੇਸ਼ ਕਰਾਂਗਾ ਜੋ ਮੈਂ ਬੋਲਣ ਲਈ ਚੁਣੇ ਹਨ, ਇਹਨਾ ਕਥਨਾਂ ਤੋਂ ਵੀ ਇਸ ਦੀ ਅਜ਼ਮਤ (ਵੱਡਿਆਈ) ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮਰਤਬੇ ਤੇ ਅਸਥਾਨ ਦਾ ਪਤਾ ਲਗਦਾ ਹੈ । 'ਤਜ਼ਕਿਰਹ' ਵਿੱਚ ਇਹ ਖ਼ੁਤਬਾ ਇਲਹਾਮੀਯਹ ਸੰਭਵਤਾ ਇਸ ਲਈ ਨਹੀਂ ਸ਼ਮਾਲ ਕੀਤਾ ਗਿਆ ਕਿਉਂਕਿ ਕਿਤਾਬੀ ਰੂਪ ਵਿੱਚ ਵੱਖਰਾ ਛੱਪਿਆ ਹੋਇਆ ਹੈ । ਮੈਨੂੰ ਇਸ ਬਾਰੇ ਕੁਝ ਵਿਚਾਰ ਹਨ ਇਸ ਲਈ ਭਵਿੱਖ ਵਿੱਚ ਜੱਦ ਵੀ 'ਤਜ਼ਕਰਹ' ਪ੍ਰਕਾਸ਼ਤ ਹੋਵੇ ਤਾਂ ਸੰਬੰਧਤ ਵਿਭਾਗ ਇਸ ਬਾਰੇ ਮੈਥੋਂ ਪੁੱਛ ਲੈਣ । ਜੋ ਵੀ ਨਵੇਂ ਐਡੀਸ਼ਨ ਕਿਸੇ ਵੀ ਭਾਸ਼ਾ ਵਿੱਚ ਪ੍ਰਕਾਸ਼ਤ ਹੋਣ । ਇਸ ਦਾ ਇਹ ਪਿਛੋਕੜ ਹੈ ਕਿ :

'ਯੌਮੁਲ ਅਰਫ਼ਾਤ' ਨੂੰ ਅਰਥਾਤ ਵੱਡੀ ਈਦ, ਈਦੁਲਜ਼ੁਹਾ ਤੋਂ ਇਕ ਦਿਨ ਪਹਿਲਾਂ ਸੁਬਾਹ ਸਵੇਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਪਤੱਰ ਰਾਹੀਂ ਹਜ਼ਰਤ ਮੌਲਾਨਾ ਨੁਰੁੱਦੀਨ ਰਜ਼ੀ ਅਲੱਾਹ ਅਨਹੁ ਨੂੰ ਸੂਚਨਾ

ਦਿੱਤੀ ਕਿ, "ਮੈਂ ਅਜੱ ਦਾ ਦਿਨ ਅਤੇ ਰਾਤ ਦਾ ਕੁਝ ਭਾਗ ਅਪਣੇ ਅਤੇ ਆਪਣੇ ਮਿਤੱਰਾਂ ਲਈ ਦੁਆ ਵਿੱਚ ਲੰਘਾਉਂਣਾ ਚਾਹੁੰਦਾ ਹਾਂ । ਇਸ ਲਈ ਜੋ ਸਜੱਣ ਇੱਥੇ ਮੌਜੂਦ ਹਨ ਆਪਣਾ ਨਾਂ ਪਤਾ ਲਿੱਖਕੇ ਮੇਰੇ ਕੋਲ ਭੇਜ ਦੇਣ ਤਾਂ ਜੋ ਦੁਆ ਕਰਦੇ ਸਮੇਂ ਮੈਂਨੂੰ ਚੇਤੇ ਰਹੇ ।" ਇਸ ਆਦੇਸ਼ ਦੀ ਪੈਰ੍ਹਵੀ ਵਿੱਚ ਸਜੱਣਾ ਮਿਤੱਰਾਂ ਦੀ ਇਕ ਸੂਚੀ ਬਣਾ ਕੇ ਹਜ਼ੂਰ ਦੀ ਸੇਵਾ ਵਿੱਚ ਭੇਜ ਦਿੱਤੀ ਗਈ। ਮਗ਼ਰਿਬ ਤੇ ਇਸ਼ਾ ਦੀ ਨਮਾਜ਼ਾਂ ਦੇ ਬਾਦ ਫ਼ਰਮਾਇਆ ਕਿ ਕਿਉਂਕਿ ਮੈਂ ਅਲੱਾਹ ਤਆਲਾ ਨਾਲ ਵਾਦਾ ਕਰ ਚੁਕਾ ਹਾਂ, ਅੱਜ ਦਾ ਦਿਨ ਅਤੇ ਰਾਤ ਦਾ ਇਕ ਭਾਗ ਮੈਂ ਦੁਆਵਾਂ ਵਿੱਚ ਲੰਘਾਵਾਂ ਇਸ ਲਈ ਮੈਂ ਜਾਂਦਾ ਹਾਂ ਤਾਂ ਜੋ ਵਾਦਾ ਖ਼ਿਲਾਫ਼ੀ ਨ ਹੋਵੇ । ਇਹ ਕਹਿ ਕੇ ਹਜ਼ੂਰ ਚਲੇ ਗਏ ਅਤੇ ਦੁਆ ਵਿੱਚ ਲੀਨ ਹੋ ਗਏ । ਦੂਜੀ ਸਵੇਰ ਈਦ ਦੇ ਦਿਨ ਮੌਲਵੀ ਅਬਦੁਲ ਕਰੀਮ ਨੇ ਅੰਦਰ ਜਾਕੇ ਭਾਸ਼ਣ ਦੇਣ ਦੀ ਵਿਸ਼ੇਸ਼ ਬਿਨਤੀ ਕੀਤੀ । ਇਸ'ਤੇ ਹਜ਼ੂਰ ਨੇ ਫ਼ਰਮਾਇਆ, ਖ਼ੁਦਾ ਨੇ ਹੀ ਹੁਕਮ ਦਿੱਤਾ ਹੈ ਅਤੇ ਫਿਰ ਫ਼ਰਮਾਇਆ ਰਾਤ ਨੂੰ ਇਲਹਾਮ ਹੋਇਆ ਹੈ ਕਿ ਮਜਮੇ ਵਿੱਚ ਕੁਝ ਅਰਬੀ ਵਾਕ ਪੜ੍ਹੋ । ਮੈਂ ਕੋਈ ਹੋਰ ਮਜਮਾ (ਇਕੱਠ) ਸਮਝਦਾ ਸੀ, ਸ਼ਾਇਦ ਇਹੋ ਮਜਮਾ ਹੋਵੇ ਅਰਥਾਤ ਈਦ ਦਾ ।

ਫਿਰ ਇਹ ਵੀ ਰਿਪੋਰਟਾਂ ਵਿੱਚ ਹੈ ਕਿ ਜੱਦ ਹਜ਼ਰਤ ਅਕਦਸ ਅਰਬੀ ਖ਼ੁਤਬਾ ਪੜ੍ਹਨ ਲਈ ਤਿਆਰ ਹੋਏ ਤਾਂ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਅਤੇ ਹਜ਼ਰਤ ਮੌਲਵੀ ਨੂਰੁੱਦੀਨ ਸਾਹਬ ਨੂੰ ਆਗਿਆ ਦਿੱਤੀ ਕਿ ਉਹ ਨੇੜੇ ਹੋ ਕੇ ਇਸ ਖ਼ੁਤਬੇ ਨੂੰ ਲਿੱਖਣ । ਜੱਦ ਹਜ਼ਰਤ ਮੌਲਵੀ ਸਾਹਿਬਾਨ ਤਿਆਰ ਹੋ ਗਏ ਤਾਂ ਹਜ਼ੂਰ ਨੇ "ਯਾ ਇਬਾਦੁਲੱਾਹ" ਦੇ ਸ਼ਬਦ ਨਾਲ ਅਰਬੀ ਖ਼ੁਤਬਾ ਸ਼ੁਰੂ ਕੀਤਾ । ਖ਼ੁਤਬੇ ਵਿਚਕਾਰ ਹਜ਼ਰਤ ਅਕਦਸ ਨੇ ਇਹ ਵੀ ਫ਼ਰਮਾਇਆ ਕਿ "ਹੁਣ ਲਿਖ ਲਓ ਫਿਰ ਇਹ ਸ਼ਬਦ ਜਾਂਦੇ ਹਨ" ਅਰਥਾਤ ਨਾਲ ਦੇ ਨਾਲ ਲਿੱਖਦੇ ਜਾਓ । ਜੇਕਰ ਕੋਈ ਸ਼ਬਦ ਸਮਝ ਨਹੀਂ ਆਇਆ ਤਾਂ ਹੁਣੇ ਹੀ ਪੁੱਛ ਲੈਣਾ । ਜੱਦ ਹਜ਼ਰਤ ਅਕਦਸ ਖ਼ੁਤਬਾ ਪੜ੍ਹ ਕੇ ਬੈਠ ਗਏ ਤਾਂ ਅਧਿਕਤਰ ਸਜੱਣਾ ਦੀ ਬਿਨਤੀ ਉਪੱਰ ਮੌਲਾਨਾ ਮੌਲਵੀ ਅਬਦੁਲ ਕਰੀਮ ਸਾਹਬ ਇਸਦਾ ਅਨੁਵਾਦ ਸੁਨਾਉਂਣ ਲਈ ਖੜੇ ਹੋਏ, ਇਸ ਤੋਂ ਪਹਿਲਾਂ ਕਿ ਮੌਲਾਨਾ ਸਾਹਿਬ ਅਨੁਵਾਦ ਸੁਨਾਉਂਣ, ਹਜ਼ਰਤ ਅਕਦਸ ਨੇ ਫ਼ਰਮਾਇਆ ਕਿ ਇਸ ਖ਼ੁਤਬੇ ਨੂੰ ਕੱਲ ਅਰਫ਼ਾ ਦੇ ਦਿਨ ਅਤੇ ਈਦ ਦੀ ਰਾਤ ਵਿੱਚ ਜੋ ਮੈਂ ਦੁਆਵਾਂ ਕੀਤੀਆਂ ਹਨ ਉਹਨਾਂ ਦੀ ਪਰਵਾਨਗੀ ਦਾ ਨਿਸ਼ਾਨ ਰੱਖਿਆ ਗਿਆ ਸੀ ਕਿ ਜੇਕਰ ਮੈਂ ਅਰਬੀ ਭਾਸ਼ਾ ਵਿੱਚ ਖ਼ੁਤਬਾ ਕੰਮ ਚਲਾਉ ਵਿਵਸਥਾ ਅਨੁਸਾਰ ਪੜ੍ਹ ਗਿਆ ਤਾਂ ਉਹ ਸਾਰੀਆਂ ਦੁਆਵਾਂ ਕੁਬੂਲ ਸਮਝੀਆਂ ਜਾਣਗੀਆਂ । ਅਲਹਮਦੁ ਲਿਲੱਾਹ, ਕਿ ਉਹ ਸਾਰੀਆਂ ਦੁਆਵਾਂ ਵੀ ਅਲੱਾਹ ਤਆਲਾ ਦੇ ਵਾਦੇ ਅਨੁਸਾਰ ਕੁਬੂਲ ਹੋ ਗਈਆਂ । ਇਸਦੇ ਬਾਦ ਇਸ ਦਾ ਉਰਦੂ ਅਨੁਵਾਦ ਅਰੰਭ ਹੋਇਆ । ਅਜੇ ਮੌਲਾਨਾ ਅਬਦੁਲਕਰੀਮ ਸਾਹਬ ਅਨੁਵਾਦ ਸੁਣਾ ਰਹੇ ਸਨ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਪੂਰੇ ਜੋਸ਼ ਨਾਲ ਸਜੱਦਾਏ ਸ਼ੁਕਰ ਵਿੱਚ ਜਾ ਪਏ । ਹਜ਼ੂਰ ਦੇ ਨਾਲ ਨਾਲ ਸਾਰੇ ਸਰੋਤਿਆਂ ਨੇ ਵੀ ਸਜਦਾਏ ਸ਼ੁਕਰ ਕੀਤਾ । ਸਜੱਦੇ ਤੋਂ ਸਿਰ ਚੁਕੱਣ ਬਾਦ ਹਜ਼ਰਤ ਅਕਦਸ ਨੇ ਫ਼ਰਮਾਇਆ, ਹੁਣੇ ਹੀ ਮੈਂ ਸੁਰਖ਼ ਸ਼ਬਦਾ ਵਿੱਚ ਲਿੱਖਿਆ ਦੇਖਿਆ ਹੈ ਕਿ "ਮੁਬਾਰਕ" ਇਹ ਸੰਭਵਤਾ ਪਰਵਾਨਗੀ ਦਾ ਨਿਸ਼ਾਨ ਹੈ ।

ਹਜ਼ੂਰ ਨੇ ਫ਼ਰਮਾਇਆ :

ਇਹ ਖ਼ੁਤਬਾ ਦੇ ਦਿੱਤਾ । ਅਹਦੀਆ ਇਤਿਹਾਸ ਵਿੱਚ ਵਧੇਰੇ ਕਈ ਗੱਲਾਂ ਲਿੱਖੀਆਂ ਹਨ । ਕਿਉਂਕਿ ਇਹ ਖ਼ੁਤਬਾ ਇਕ ਬਹੁਤ ਹੀ ਮਹਤੱਵਪੂਰਨ ਵਿਦਿਅਕ ਚਮਤਕਾਰ ਸੀ ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ । ਇਸ ਲਈ ਇਸ ਦੀ ਵਿਸ਼ੇਸ਼ਤਾ ਨੂੰ ਦੇਖਦਿਆਂ ਹੋਇਆਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਖ਼ੁੱਦਾਮਾ (ਨੌਜੁਆਨਾ) ਨੂੰ ਇਸ ਨੂੰ ਕੰਠ ਕਰਨ ਦੀ ਤਹਰੀਕ ਕੀਤੀ । ਇਸ ਆਦੇਸ਼ ਦੀ ਪੈਰ੍ਹਵੀ ਵਿੱਚ ਸੂਫ਼ੀ ਗ਼ੁਲਾਮ ਮੁਹਮੱਦ ਸਾਹਬ, ਮੀਰ ਮੁਹਮੱਦ ਇਸਮਾਈਲ ਸਾਹਬ, ਮੁਫ਼ਤੀ ਮੁਹਮੱਦ ਸਾਦਕ ਸਾਹਬ, ਮੌਲਵੀ ਮੁਹਮੱਦ

ਅਲੀ ਸਾਹਬ ਅਤੇ ਕਈ ਹੋਰ ਸਹਾਬਾ ਨੇ ਇਸ ਨੂੰ ਜ਼ੁਬਾਨੀ ਕੰਠ ਕੀਤਾ । ਸਗੋਂ ਉਪਰੋਕਤ ਦੋ ਵਿਅਕਤੀਆਂ ਨੇ ਮਸਜਿਦ ਮੁਬਾਰਕ ਦੀ ਛੱਤ ਉਪੱਰ ਮਗ਼ਰਿਬ ਤੇ ਇਸ਼ਾ ਦੀ ਨਮਾਜ ਵਿੱਚਕਾਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਹਜ਼ੂਰੀ ਵਿੱਚ ਵੀ ਜ਼ੁਬਾਨੀ ਸੁਣਾਇਆ। ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਜੋ ਅਤਿਅੰਤ ਸਾਹਿਤਕ ਸ਼ੌਕ ਰੱਖਦੇ ਸਨ ਉਹ ਤਾਂ ਇਸ ਖ਼ੁਤਬੇ ਦੇ ਐਨ੍ਹੇ ਆਸ਼ਕ ਸਨ ਕਿ ਅਧਿਕਤਰ ਸੁਣਾਉਂਦੇ ਹੀ ਰਹਿੰਦੇ ਸਨ ਅਤੇ ਇਸ ਦੀਆਂ ਕੁਝ ਪੰਕਤੀਆਂ ਉਪੱਰ ਤਾਂ ਵਜਦ ਵਿੱਚ ਆ ਜਾਂਦੇ ਸਨ। ਮੌਲਵੀ ਸਾਹਬ ਦਾ ਅਜਿਹੇ ਬੁਲੰਦ ਮਰਤਬੇ ਦੇ ਖ਼ੁਤਬੇ ਕਰਕੇ ਵਜਦ ਵਿੱਚ ਆ ਜਾਣਾ ਇਕ ਸੁਭਾਵਕ ਗੱਲ ਕਹੀ ਜਾ ਸਕਦੀ ਹੈ, ਪਰ ਖ਼ੁਦਾ ਵੱਲੋਂ ਇਕ ਹੈਰਾਨੀ ਭਰੀ ਗੱਲ ਇਹ ਹੋਈ ਕਿ ਇਸ ਤਕਰੀਰ (ਭਾਸ਼ਣ) ਨੂੰ ਸੁਣਨ ਵਾਲੇ ਬੱਚੇ ਵੀ ਇਸ ਦੇ ਪ੍ਰਭਾਵ ਤੇ ਖਿੱਚ ਤੋਂ ਖਾਲੀ ਨਹੀਂ ਸਨ । ਚੁਨਾਂਚਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦਾ ਬਿਆਨ ਹੈ ਕਿ ਉਹ ਦਿਨ ਜਿਸ ਵਿੱਚ ਇਹ ਭਾਸ਼ਣ ਦਿੱਤਾ ਗਿਆ ਅਜੇ ਡੁੱਬਾ ਨਹੀਂ ਸੀ ਕਿ ਛੋਟੇ ਛੋਟੇ ਬੱਚੇ ਜਿੰਨ੍ਹਾ ਦੀ ਉਮਰ 12 ਸਾਲ ਤੋਂ ਵੀ ਘੱਟ ਸੀ ਇਸ ਦੇ ਵਾਕਾਂ ਨੂੰ ਕਾਦੀਆਂ ਦੀਆਂ ਗਲੀਆਂ ਕੂਚਿਆਂ ਵਿੱਚ ਦਹੁਰਾਉਂਦੇਂ ਫਿਰਦੇ ਸਨ ਅਰਥਾਤ ਖ਼ੁਤਬੇ ਦੇ ਵਾਕ ਜੋ ਇਕ ਗ਼ੈਰਮਮੂਲੀ ਗੱਲ ਸੀ । ਇਹ ਖ਼ੁਤਬਾ 1901 ਈ. ਵਿੱਚ ਪ੍ਰਕਾਸ਼ਤ ਹੋਇਆ । ਹਜ਼ੂਰ ਨੇ ਅਤਿਅੰਤ ਸ਼ਰਧਾ ਨਾਲ ਇਸ ਨੂੰ ਕਾਤਬ ਕੋਲੋਂ ਲਿੱਖਵਾਇਆ । ਫ਼ਰਸੀ ਤੇ ਉਰਦੂ ਵਿੱਚ ਅਨੁਵਾਦ ਵੀ ਆਪ ਕੀਤਾ ਅਤੇ ਲਗਾਂ-ਮਾਤਰਾਵਾਂ ਵੀ ਆਪ ਲਾਈਆਂ । ਅਸਲ ਖੁਤਬਾ ਕਿਤਾਬ ਦੇ ਅਠੱਤੀਵੇਂ ਪੰਨ੍ਹੇ ਉਪੱਰ ਖ਼ਤਮ ਹੋ ਜਾਂਦਾ ਹੈ ਜੋ ਕਿਤਾਬ ਦੇ ਪਹਿਲੇ ਬਾਬ ਹੇਠ ਦਰਜ ਹੈ । ਅਗਲਾ ਹਿੱਸਾ ਅੰਤ ਤੱਕ ਆਮ ਅੱਧ ਹੈ ਜਿਸਦਾ ਵਾਧਾ ਹਜ਼ੂਰ ਨੇ ਬਾਦ ਵਿੱਚ ਕੀਤਾ ਅਤੇ ਇਸ ਪੂਰੀ ਕਿਤਾਬ ਦਾ ਨਾਂ ਹਜ਼ੂਰ ਨੇ 'ਖ਼ੁਤਬਾ ਇਲਹਾਮੀਯਹ' ਰੱਖਿਆ ।

ਅਰਥਾਤ ਪਹਿਲਾ ਭਾਗ ਜੋ ਹੈ ਉਹ ਅਸਲ ਇਲਹਾਮੀਯਹ 'ਇਲਹਾਮੀ ਖ਼ੁਤਬਾ' ਹੈ । ਇਹ ਕਿਤਾਬ ਪ੍ਰਕਾਸ਼ਤ ਹੋਈ ਤਾਂ ਵੱਡੇ ਵੱਰੇ ਅਰਬੀ ਵਿਦਵਾਨ ਇਸ ਦੇ ਅਦੁੱਤੀ ਗਿਆਨ, ਸ਼ਬਦਾਵਲੀ ਅਤੇ ਮਹਾਨ ਸਚੱਾਈਆਂ ਤੇ ਮਆਰਫ਼ ਪੜ੍ਹ ਕੇ ਦੰਗ ਰਿਹ ਗਏ । ਸਚੱਾਈ ਤਾਂ ਇਹ ਹੈ ਕਿ ਮਸੀਹ ਮੁਹਮੱਦੀ ਦਾ ਇਹ ਉਹ ਵਿਦਿਅਕ ਚਮਤਕਾਰ ਹੈ ਜਿਸ ਦੀ ਉਧਾਰਣ ਕੁਰਆਨ ਮਜੀਦ ਤੋਂ ਬਾਦ ਨਹੀਂ ਮਿਲਦੀ । ਇਸ ਇਲਹਾਮੀ ਖ਼ੁਤਬੇ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਦੋ ਸੁਪਨੇ ਲਿੱਖੇ ਹੋਏ ਮਿਲੇ ਹਨ ਜੋ 'ਤਜ਼ਕਿਰਹ' ਵਿੱਚ ਵੀ ਦਰਜ ਹਨ ।

19 ਅਪ੍ਰੈਲ 1900 ਈ. ਦਾ ਇਤਿਹਾਸ ਦੇਖ ਕੇ ਮੀਆਂ ਅਬਦੁਲੱਾਹ ਸਨੌਰੀ ਸਾਹਬ ਦਾ ਹੇਠਾਂ ਦਰਜ ਸੁਪਨਾ ਲਿੱਖਿਆ ਹੈ ਕਿ :

ਮੀਆਂ ਅਬਦੁਲੱਾਹ ਸਨੌਰੀ ਸਾਹਬ ਕਹਿੰਦੇ ਹਨ ਕਿ ਮੁਨਸ਼ੀ ਗ਼ੁਲਾਮ ਕਾਦਰ ਸਾਹਬ ਮਰਹੂਮ ਸਨੌਰ ਵਾਲੇ ਆਏ ਹਨ, ਉਹਨਾਂ ਤੋਂ ਉਹਨਾਂ ਨੇ ਪੁੱਛਿਆ ਕਿ ਇਸ ਜਲਸੇ ਬਾਰੇ ਓਧਰ ਦੀ ਖ਼ਬਰ ਦਿਓ, ਕੀ ਕਹਿੰਦੇ ਹਨ ਤਾਂ ਉਸ ਨੇ ਉਤੱਰ ਦਿੱਤਾ ਕਿ ਉਪੱਰ ਬਹੁਤ ਧੂਮ ਮੱਰੀ ਹੋਈ ਹੈ (ਇਹ ਸੁਪਨਾ ਵਰਨਣ ਕਰ ਰਹੇ ਹਨ ਕਿ ਉਪੱਰ ਕੀ ਹਾਲਾਤ ਹਨ)

ਇਹ ਸੁਪਨਾ ਠੀਕ ਉਸੇ ਤਰ੍ਹਾਂ ਸਯੱਦ ਅਮੀਰ ਅਲੀ ਸ਼ਾਹ ਦੇ ਸੁਪਨੇ ਨਾਲ ਮੇਲ ਖਾਂਦਾ ਹੈ ਕਿ ਉਹਨਾਂ ਨੇ ਦੇਖਿਆ ਸੀ ਕਿ ਜਿਸ ਸਮੇਂ ਈਦ ਵਾਲੇ ਦਿਨ ਅਰਬੀ ਖ਼ੁਤਬਾ ਪੜ੍ਹਿਆ ਜਾਂਦਾ ਸੀ ਉਸ ਸਮੇਂ ਜਨਾਬ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਈਸਾ ਅਲੈਹਿ ਨਲਾਮ, ਹਜ਼ਰਤ ਮੂਸਾ ਅਲੈਹਿ ਸਲਾਮ ਅਤੇ ਹਜ਼ਰਤ ਖ਼ਿਜ਼ਰ ਜਲਸੇ ਵਿੱਚ ਮੌਜੂਦ ਹਨ ਅਤੇ ਇਸ ਖ਼ੁਤਬੇ ਨੂੰ ਸੁਣ ਰਹੇ ਹਨ । ਇਹ ਸੁਪਨਾ ਐਨ ਖ਼ੁਤਬਾ ਪੜ੍ਹਨ ਸਮੇਂ ਹੋਇਆ ਜੋ ਕਸ਼ਫ਼ ਵਾਂਗ ਉਸ ਥਾਂ ਬੈਠੇ ਹੋਏ ਉਹਨਾਂ ਨੂੰ ਮਾਲੂਮ ਹੋ ਗਿਆ ਸੀ ।

ਕਈ ਸਹਾਬਾ ਦੇ ਵੀ ਤਾਸੁਰਾਤ (ਵਿਚਾਰ) ਹਨ :

ਹਜ਼ਰਤ ਹਾਫ਼ਿਜ਼ ਅਬਦੁਲ ਅਲੀ ਸਾਹਬ ਬਿਆਨ ਕਰਦੇ ਹਨ ਕਿ ਮੈਂ ਇਲਹਾਮੀ ਖ਼ੁਤਬੇ ਸਮੇਂ ਹਾਜ਼ਰ ਸੀ । ਹਜ਼ੂਰ ਦੀ ਅਵਾਜ਼ ਉਸ ਸਮੇਂ ਬਦਲੀ ਹੋਈ ਸੀ । ਜ਼ਿਲਾ ਸਿਆਲਕੋਟ ਦਾ ਇਕ ਸਯੱਦ ਮੁਲਹਿਮ (ਸਯੱਦ ਸਾਹਬ ਸਨ ਉਹਨਾਂ ਨੂੰ ਇਲਹਾਮ ਹੋਇਆ ਕਰਦਾ ਸੀ, ਅਹਮਦੀ ਸਨ) ਮੇਰੇ ਕੋਲ ਬੈਠੇ ਹੋਏ ਸੀ । ਉਹ ਕਹਿ ਰਿਹਾ ਸੀ ਫ਼ਰਿਸ਼ਤੇ ਵੀ ਸੁਨਣ ਲਈ ਮੌਜੂਦ ਹਨ । ਹਜ਼ਰਤ ਮੀਆਂ ਅਮੀਰੁੱਦੀਨ ਸਾਹਬ ਬਿਆਨ ਕਰਦੇ ਹਨ ਕਿ ਹਜ਼ਰਤ ਸਾਹਬ ਜੱਦ ਖ਼ੁਤਬਾ ਇਲਹਾਮੀਯਹ ਸੁਣਾਕੇ ਨਿਕਲੇ ਤਾਂ ਰਸਤੇ ਵਿੱਚ ਫ਼ਰਮਾਇਆ ਕਿ ਜੱਦ ਮੈਂ ਇਕ ਵਾਕ ਕਹਿ ਰਿਹਾ ਹੁੰਦਾ ਸੀ ਤਾਂ ਮੈਂਨੂੰ ਪਤਾ ਨਹੀਂ ਹੁੰਦਾ ਸੀ ਕਿ ਦੂਜਾ ਵਾਕ ਕੀ ਹੋਵੇਗਾ ਲਿੱਖਿਆ ਹੋਇਆ ਸਾਹਮਣੇ ਆ ਜਾਂਦਾ ਸੀ ਅਤੇ ਮੈਂ ਪੜ੍ਹ ਦਿੰਦਾ ਸੀ । ਹਜ਼ੂਰ ਬਹੁਤ ਠਹਿਰ ਠਹਿਰ ਕੇ ਅਤੇ ਹੌਲੀ ਹੌਲੀ ਪੜ੍ਹ ਰਹੇ ਸਨ ।

ਹਜ਼ਰਤ ਮੌਲਵੀ ਅਬਦੁਲੱਾਹ ਸਾਹਬ ਬਟਾਲਵੀ ਲਿੱਖਦੇ ਹਨ ਕਿ ਸਯੱਦ ਅਬਦੁਲ ਹਈ ਸਾਹਬ ਅਰਬ ਜੋ ਅਰਬ ਦੇਸ਼ ਤੋਂ ਆਕੇ ਬਹੁਤ ਦਿਨਾਂ ਤੱਕ ਖੋਜ ਦੇ ਉਦੇਸ਼ ਨਾਲ ਠਹਿਰੇ ਅਤੇ ਬਾਦ ਵਿੱਚ ਉਹਨਾਂ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਕੀਤੀ । ਉਹਨਾਂ ਨੇ ਆਪਣੀ ਬੈਅਤ ਕਰਨ ਦਾ ਹਾਲ ਇਸ ਪ੍ਰਕਾਰ ਵਰਨਣ ਕੀਤਾ ਸੀ, ਫ਼ਰਮਾਇਆ ਕਿ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਵਿਸਥਾਰ ਤੇ ਗਿਆਨ ਨਾਲ ਭਰਪੂਰ ਕਿਤਾਬਾਂ ਨੂੰ ਪੜ੍ਹ ਕੇ ਇਸ ਗੱਲ ਦਾ ਮਨੋਂ ਹੀ ਕਾਇਲ ਹੋ ਗਿਆ ਸੀ ਕਿ ਅਜਿਹਾ ਕਲਾਮ ਇਲਾਹੀ ਤਾਈਦ ਤੋਂ ਬਿਨਾਂ ਹੋਰ ਕੋਈ ਨਹੀਂ ਲਿੱਖ ਸਕਦਾ । ਪਰ ਮੈਂਨੂੰ ਵਿਸ਼ਵਾਸ ਨਹੀਂ ਆਉਂਦਾ ਸੀ ਕਿ ਇਹ ਕਲਾਮ ਖ਼ੁੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਹੈ । ਭਾਵੇਂ ਮੈਂਨੂੰ ਹਜ਼ਰਤ ਮੌਲਵੀ ਨੁਰੁੱਦੀਨ ਸਾਹਬ ਅਤੇ ਹੋਰ ਉਲਮਾ ਇਸ ਗੱਲ ਦਾ ਵਿਸ਼ਵਾਸ ਦਿਵਾਉਂਦੇ ਸਨ ਅਤੇ ਦਲੀਲਾਂ ਦਿੰਦੇ ਸਨ, ਪਰ ਮੇਰੀ ਸ਼ੰਕਾ ਨੂੰ ਉਹਨਾਂ ਦਾ ਬਿਆਨ ਦੂਰ ਨ ਕਰ ਸਕਿਆ ਅਤੇ ਮੈਂ ਵੱਖ ਵੱਖ ਢੰਗਾ ਨਾਲ ਇਸ ਗੱਲ ਦਾ ਸਬੂਤ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਕਿ ਕੀ ਵਾਸਤਵ ਵਿੱਚ ਇਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਆਪਣਾ ਹੀ ਕਲਾਮ ਹੈ ? ਅਤੇ ਕਿਸੇ ਦੂਜੇ ਦੀ ਸਾਹਇਤਾ ਇਸ ਵਿੱਚ ਸ਼ਾਮਲ ਨਹੀਂ ਕੀਤੀ । ਸੋ, ਮੈਂ ਅਰਬੀ ਵਿੱਚ ਕੁਝ ਪਤੱਰ ਹਜ਼ਰਤ ਅਕਦਸ ਦੀ ਸੇਵਾ ਵਿੱਚ ਲਿੱਖ ਕੇ ਉਹਨਾਂ ਦੇ ਉਤੱਰ ਅਰਬੀ ਵਿੱਚ ਹੀ ਹਾਸਲ ਕਰਦਾ ਅਤੇ ਫਿਰ ਇਸ ਦੀ ਲਿੱਖਤ ਨੂੰ ਗ਼ੌਰ ਨਾਲ ਪੜ੍ਹਦਾ ਅਤੇ ਉਸ ਦਾ ਟਾਕਰਾ ਹਜ਼ੂਰ ਦੀ ਲੇਖਣੀਆਂ ਤੋਂ ਕਰਕੇ ਪਤਾ ਲਾਉਂਦਾ ਕਿ ਇਹ ਦੋਵੇਂ ਕਲਾਮ ਇੱਕੋ ਜਿਹੇ ਹਨ । ਪਰ ਫਿਰ ਵੀ ਮੈਂਨੂੰ ਕੁਝ ਨ ਕੁਝ ਅੰਤਰ ਉਹਨਾ ਵਿੱਚ ਦਿਖਾਈ ਦਿੰਦਾ ਜਿਸਦਾ ਉਤੱਰ ਮੈਂਨੂੰ ਦਿੱਤਾ ਜਾਂਦਾ ਕਿ ਹਜ਼ਰਤ ਅਕਦਸ ਦਾ ਆਮ ਕਲਾਮ ਜੋ ਪਤੱਰਾਂ ਆਦਿ ਵਿੱਚ ਲਿੱਖਿਆ ਹੁੰਦਾ ਹੈ ਉਸ ਵਿੱਚ ਚਮਤਕਾਰੀ ਰੰਗ ਅਤੇ ਵਿਸ਼ੇਸ਼ ਇਲਾਹੀ ਤਾਈਦ ਨਹੀਂ ਹੋ ਸਕਦੀ । ਕਿਉਂਕਿ ਅਰਬੀ ਲਿੱਖਤਾਂ ਨੂੰ ਹਜ਼ਰਤ ਸਾਹਬ ਨੇ ਸਮੂਹੱਕ ਰੂਪ ਵਿੱਚ ਖ਼ੁਦਾ ਤਆਲਾ ਦੀ ਇੱਛਾ ਤੇ ਹੁਕੁਮ ਹੇਠ ਵਿਸੇਸ਼ ਤਾਈਦ ਰਾਹੀਂ ਲਿੱਖਿਆ ਹੈ ਇਸ ਲਈ ਉਹਨਾਂ ਦਾ ਰੰਗ ਰੂਪ ਵੱਖਰਾ ਹੁੰਦਾ ਹੈ ਅਤੇ ਵੱਖਰਾ ਹੋਣਾ ਚਾਹੀਦਾ ਹੈ ਨਹੀਂ ਤਾਂ ਆਮ ਲਿਆਕਤ (ਕਾਬਲੀਯਤ, ਯੋਗਤਾ) ਅਤੇ ਵਿਸ਼ੇਸ਼ ਇਲਾਹੀ ਤਾਈਦ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ ।

ਬਹਿਰਹਾਲ ਮੈਂ ਕਾਦੀਆਂ ਵਿੱਚ ਇਸ ਗੱਲ ਦੀ ਖੋਜ ਲਈ ਠਹਿਰਿਆ ਰਿਹਾ ਤਾਂ ਜੋ ਮੈਂ ਵੀ ਆਪ ਆਪਣੀਆਂ ਅੱਖਾਂ ਨਾਲ ਇਲਾਹੀ ਤਾਈਦ ਦਾ ਸਮਾਂ ਦੇਖ ਸਕਾਂ । ਸੋ, ਇਲਹਾਮੀ ਖ਼ੁਤਬੇ ਦਾ ਸਮਾਂ ਆ ਗਿਆ ਅਤੇ ਮੈਂ ਆਪਣੀਆਂ ਅੱਖਾਂ ਨਾਲ ਇਸ ਇਲਹਾਮੀ ਅਤੇ ਚਮਤਕਾਰੀ ਕਲਾਮ ਦੇ ਨਜ਼ੂਲ ਨੂੰ ਦੇਖਿਆ ਅਤੇ ਖ਼ੁੱਦ ਕੰਨਾਂ ਨਾਲ ਸੁਣਿਆਂ ਕਿ ਬਿਨਾਂ ਕਿਸੇ ਹੋਰ ਦੀ ਸਹਾਇਤਾ ਦੇ ਉਹ ਇਨਸਾਨ ਦਿਨ ਚੜ੍ਹੇ ਵਿੱਚ ਸਾਰਿਆਂ ਲੋਕਾਂ ਸਾਹਮਣੇ ਅਜਿਹਾ ਵਿਸਥਾਰ ਤੇ ਗਿਆਨ ਭਰਪੂਰ ਕਲਾਮ ਸੁਣਾ ਰਿਹਾ ਹੈ । ਇਸ ਲਈ ਮੈਂ ਇਸ ਖੁਤਬੇ ਨੂੰ ਸੁਨਣ ਦੇ ਬਾਦ ਸੱਚੇ ਮਨ ਨਾਲ ਬੈਅਤ ਕਰ ਲਈ ।

ਹੁਣ ਮੈਂ ਖੁਤਬਾ ਇਲਹਾਮੀਯਹ ਦੀਆਂ ਕੁਝ ਪੰਕਤੀਆਂ ਪੇਸ਼ ਕਰਦਾ ਹਾਂ ਜਿਸ ਤੋਂ ਉਸ ਦੀ ਜਿਵੇਂ ਕਿ ਮੈਂ ਕਿਹਾ ਉਸ ਦੀ ਅਜ਼ਮਤ ਦਾ ਕੁਝ ਅੰਦਾਜ਼ਾ ਹੁੰਦਾ ਹੈ । ਅਸਲ ਤਾਂ ਪੂਰਾ ਪੜ੍ਹਨ'ਤੇ ਪਤਾ ਲੱਗੇਗਾ । ਹਜ਼ਰਤ ਮਸੀਹ ਮੁਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਅਰਬੀ ਵਿੱਚ ਕਿ :

ایها الناس انی انا المسیح المحمدی ۔ وانی انا احمد المهدی وان ربی معی الی یوم لحدی من یوم مهدی ۔ وانی اعطیت ضراما اکالا ۔ وماء زلالا وانا(
کوکب یمانی ۔ ووابل روحانی ۔ ایذائی سنان مذرب ۔ ودعائی دواء مجرب ۔ اری قوما جلالا ۔ وقوما اخرین جمالا ۔ وبیدی حربة ابید بها عادات
)الظلم والذنوب ۔ وفی الاخری شربة اعید بها حیات القلوب ۔

ਅਰਥਾਤ ਹੇ, ਲੋਕੋ ! ਮੈਂ ਉਹ ਮਸੀਹ ਹਾਂ ਜੋ ਕਿ ਮੁਹਮੱਦੀ ਸਿਲਸਿਲੇ ਵਿੱਚੋਂ ਹੈ ਅਤੇ ਮੈਂ ਅਹਮਦੇ ਮੁਹਮੱਦੀ ਹਾਂ ਅਤੇ ਸੱਚ ਮੁੱਚ ਮੇਰਾ ਰੱਬ ਮੇਰੇ ਨਾਲ ਹੈ । ਮੇਰੇ ਬਚਪਨ ਤੋਂ ਲੈਕੇ ਮੇਰੀ ਕਬਰ ਤੱਕ, ਅਤੇ ਮੈਂਨੂੰ ਉਹ ਅੱਗ ਮਿਲੀ ਹੈ ਜੋ ਖਾ ਜਾਣ ਵਾਲੀ ਹੈ ਅਤੇ ਉਹ ਪਾਣੀ ਜੋ ਮਿੱਠਾ ਹੈ, ਅਤੇ ਮੈਂ ਉਹ ਯਮਾਨੀ ਸਿਤਾਰਾ ਹਾਂ ਅਤੇ ਰੂਹਾਨੀ ਵਰਖਾ ਹਾਂ, ਮੇਰਾ ਦੁਖ ਦੇਣਾ ਤਿੱਖਾ ਨੇਜ਼ਾ (ਭਾਲਾ) ਹੈ ਅਤੇ ਮੇਰੀ ਦੁਆ ਪਰਖੀ ਔਸ਼ਧ ਹੈ । ਇਕ ਕੌਮ ਨੂੰ ਮੈਂ ਆਪਣਾ ਜਲਾਲ ਦਿਖਾਉਂਦਾ ਹਾਂ ਦੂਜੀ ਕੌਮ ਨੂੰ ਮੈਂ ਆਪਣੀ ਸੁੰਦਰਤਾ ਦਿਖਾਉਂਦਾ ਹਾਂ, ਮੇਰੇ ਹੱਥ ਵਿੱਚ ਹੱਥਿਆਰ ਹੈ, ਉਸ ਨਾਲ ਮੈਂ ਜ਼ੁਲਮ ਤੇ ਪਾਪ ਦੀਆਂ ਆਦਤਾਂ ਨੂੰ ਹਲਾਕ ਕਰਦਾ ਹਾਂ ਅਤੇ ਦੂਜੇ ਹੱਥ ਵਿੱਚ ਸ਼ਰਬਤ ਹੈ ਜਿਸ ਨਾਲ ਮੈਂ ਮਨਾਂ ਨੂੰ ਫਿਰ ਜੀਉਂਦਾ ਕਰਦਾ ਹਾਂ ।

ਫਿਰ ਆਪ ਫ਼ਰਮਾਉਂਦੇ ਹਨ :

ایها الناس قوموا لله زرافات وفرادی فرادی ثم اتقوا الله وفکروا کالذی ما بخل وما عادی الیس هذا الوقت وقت رحم الله علی العباد ووقت(
دفع الشر وتدارك عطش الاکباد ۔ الیس سیل الشر قد بلغ انتهاه ۔ وذیل الجهل طول ارجاه ۔ وفسد الملك کله وشکر ابلیس جهلاه ۔
فاشکروا الله الذی تذکرکم وتذکر دینکم وما اضاعه ۔ وعصم حرثکم وزرعکم ولعاعه ۔ وانزل المطر واکمل ابضاعه ۔ وبعث مسیحه لدفع
)الضیر ۔ ومهدیه لافاضات الخیر ۔ وادخلکم فی زمان امامکم بعد زمان الغیر ۔

ਕਿ ਹੇ, ਲੋਕੋ ! ਰੱਬ ਦੀ ਖ਼ਾਤਰ ਤੁਸੀਂ ਸਾਰੇ ਜਾਂ ਇਕੱਲੇ ਇਕੱਲੇ ਰੱਬ ਦਾ ਖ਼ੌਫ਼ ਕਰਕੇ ਉਸ ਵਿਅਕਤੀ ਵਾਂਗ ਸਚੋ ਜੋ ਨ ਤਾਂ ਬੁਖ਼ਲ ਕਰਦਾ ਹੈ ਅਤੇ ਨ ਹੀ ਦੁਸ਼ਮਣੀ । ਕੀ ਇਹ ਉਹ ਯੁੱਗ ਨਹੀਂ ਕਿ ਖ਼ੁਦਾ ਬੰਦਿਆਂ ਉਪੱਰ ਰਹਿਮ ਕਰੇ ਅਤੇ ਕੀ ਇਹ ਉਹ ਯੁੱਗ ਨਹੀਂ ਕਿ ਬਦੀ ਨੂੰ ਦੂਰ ਭਜਾਇਆ ਜਾਵੇ ਅਤੇ ਹਿੱਕਾਂ ਦੀ ਤ੍ਰੇਹ ਦੀ ਵਰਖਾ ਵਰ੍ਹਾਉਣ ਨਾਲ ਹੱਲ ਕੱਢਿਆ ਜਾਵੇ । ਕੀ ਬਦੀ ਦਾ ਹੜ੍ਹ ਆਪਣੇ ਅੰਤ ਨੂੰ ਨਹੀਂ ਪਹੁੰਚਿਆ ਅਤੇ ਜਹਾਲਤ ਦੇ ਦਾਮਨ ਨੇ ਆਪਣੇ ਕੰਢਿਆਂ ਨੂੰ ਨਹੀਂ ਫੈਲਾਇਆ ਅਤੇ ਦੇਸ਼ ਦੂਸ਼ਿਤ ਹੋ ਗਿਆ ਅਤੇ ਸ਼ੈਤਾਨ ਨੇ ਜਾਹਲਾਂ ਦਾ ਧੰਨਵਾਦ ਕੀਤਾ । ਸੋ, ਉਸ ਰੱਬ ਦਾ ਸ਼ੁਕਰ ਕਰੋ ਜਿਸ ਨੇ ਤੁਹਾਨੂੰ ਯਾਦ ਕੀਤਾ ਅਤੇ ਤੁਹਾਡੇ ਧਰਮ ਨੂੰ ਯਾਦ ਕੀਤਾ ਅਤੇ ਨਸ਼ਟ ਹੋਣ ਤੋਂ ਸੁਰੱਖਿਅਤ ਰੱਖਿੱਆ ਅਤੇ ਤੁਹਾਡੇ ਬੀਜੇ ਹੋਏ ਨੂੰ ਤੁਹਾਡੀਆਂ ਖੇਤੀਆਂ ਨੂੰ ਆਫ਼ਤਾਂ ਤੋਂ ਬਚਾਇਆ ਅਤੇ ਵਰਖਾ ਉਤਾਰੀ ਅਤੇ ਉਸ ਦੇ ਸਰਮਾਏ ਨੂੰ ਪੂਰਨ ਕੀਤਾ ਅਤੇ ਆਪਣੇ ਮਸੀਹ ਨੂੰ ਦੁੱਖਾਂ ਦੇ ਦੂਰ ਕਰਨ ਲਈ ਅਤੇ ਆਪਣੇ ਮਹਦੀ ਨੂੰ ਭਲਾਈ ਤੇ ਲਾਭ ਪਹੁੰਚਾਉਂਣ ਲਈ ਭੇਜਿਆ ਤੁਹਾਨੂੰ ਤੁਹਾਡੇ ਇਮਾਮ ਦੇ ਯੁੱਗ ਵਿੱਚ ਗ਼ੈਰਾਂ ਦੇ ਯੁੱਗ ਦੇ ਬਾਦ ਦਾਖ਼ਲ ਕੀਤਾ ।

ਫਿਰ ਆਪ ਫ਼ਰਮਾਉਂਦੇ ਹਨ :

وانی علی مقام الختم من الولای ۔ کما کان سیدی المصطفی علی مقام الختم من النبوة ۔ وانه خاتم الانبیا ۔ وانا خاتم الاولیا ۔ لا ولی بعدی(
الا الذی هو منی وعلی عهدی ۔ وانی ارسلت من ربی بکل قوة وبرکة وعزة ۔ وان قدمی هذه علی منارة ختم علیها کل رفعة ۔ فاتقوا الله ایها
)الفتیان ۔ واعرفونی واطیعونی ولا تموتوا بالعصیان ۔ وقد قرب الزمان ۔ وحان ان تسئل کل نفس وتدان ۔

ਮੈਂ ਵਲਾਇਤ (ਰਿਸ਼ੀ ਮੁਨੀ ਦੇ ਪੱਦ) ਦੇ ਸਿਲਸਿਲੇ ਨੂੰ ਖ਼ਤਮ ਕਰਨ ਵਾਲਾ ਹਾਂ ਜਿਵੇਂ ਕਿ ਸਾਡੇ ਸਯੱਦ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਸਮਲੱਮ ਨਬੁਵੱਤ ਦੇ ਸਿਲਸਿਲੇ ਨੂੰ ਖ਼ਤਮ ਕਰਨ ਵਾਲੇ ਸਨ ਅਤੇ ਉਹ ਖ਼ਾਤਾਮੁਲ

ਅੰਬਿਆ ਹਨ ਅਤੇ ਮੈਂ ਖ਼ਾਤਾਮੁਲ ਔਲੀਆ ਹਾਂ । ਮੇਰੇ ਬਾਦ ਕੋਈ ਵਲੀ ਨਹੀਂ, ਪਰ ਉਹ ਜੋ ਮੈਥੋਂ ਹੋਵੇਗਾ ਅਤੇ ਮੇਰੇ ਇਕਰਾਰ ਉਪੱਰ ਕਾਇਮ ਹੋਵੇਗਾ ਅਤੇ ਮੈਂ ਆਪਣੇ ਖ਼ੁਦਾ ਵੱਲੋਂ ਸਾਰੀਆਂ ਸ਼ਕਤੀਆਂ, ਬਰਕਤ ਤੇ ਸਨਮਾਨ ਨਾਲ ਭੇਜਿਆ ਗਿਆ ਹਾਂ ਅਤੇ ਇਹ ਮੇਰਾ ਕਦਮ ਇਕ ਅਜਿਹੇ ਮਿਨਾਰੇ ਉਪੱਰ ਹੈ ਜਿਸ'ਤੇ ਹਰ ਇਕ ਬੁਲੰਦੀ ਖ਼ਤਮ ਕੀਤੀ ਗਈ ਹੈ । ਸੋ, ਖ਼ੁਦਾ ਤੋਂ ਡਰੋ, ਹੇ, ਸ਼ੂਰਵੀਰੋ ! ਮੈਂਨੂੰ ਪਛਾਣੋ, ਅਤੇ ਅਵਗਿਆ ਨ ਕਰੋ, ਅਵਗਿਆ'ਤੇ ਨ ਮਰੋ, ਜ਼ਮਾਨਾ ਨੇੜੇ ਆ ਗਿਆ ਹੈ, ਸਮਾਂ ਨੇੜੇ ਆ ਗਿਆ ਹੈ ਕਿ ਹਰ ਇਕ ਜਾਨ ਆਪਣੇ ਕਰਮਾਂ ਤੋਂ ਪੁੱਛੀ ਜਾਵੇਗੀ ਅਤੇ ਵਟਾਂਦਰਾ ਦਿੱਤੀ ਜਾਵੇਗੀ ।

ਸੋ, ਇਹ ਉਹ ਮਹਾਨ ਚਮਤਕਾਰ ਹੈ, ਇਹ ਮਹਤਵਪੂਰਨ ਸ਼ਬਦ ਹਨ, ਇਹ ਨਿਮੰਤਰਣ ਹੈ ਜੋ ਅਲੱਾਹ ਦੇ ਹੁਕੁਮ ਨਾਲ ਆਪ ਜੀ ਨੇ ਦਿੱਤਾ । ਅਲੱਾਹ ਤਆਲਾ ਦੇ ਇਲਹਾਮ ਰਾਹੀਂ ਆਪ ਨੇ ਦਿੱਤਾ । ਇਹ ਚਮਤਕਾਰ ਜਿਵੇਂ ਕਿ ਮੈਂ ਕਿਹਾ **11** ਅਪ੍ਰੈਲ **1900** ਈ. ਵਿੱਚ ਪ੍ਰਕਟ ਹੋਇਆ । ਅੱਜ ਤੱਕ ਇਹ ਚਮਤਕਾਰ ਆਪਣੀ ਚਮਕਾਰ ਦਿਖਾ ਰਿਹਾ ਹੈ ਅਤੇ ਅਜ ਤੱਕ ਕੋਈ ਮਾਹਿਰ ਤੋਂ ਮਾਹਿਰ ਭਾਸ਼ਾ ਵਿਗਿਆਨੀ ਅਤੇ ਵੱਡੇ ਤੋਂ ਵੱਡਾ ਆਲਮ ਤੇ ਸਾਹਿਤਕਾਰ ਵੀ ਭਾਵੇਂ ਉਹ ਅਰਬ ਦਾ ਰਹਿਣ ਵਾਲਾ ਹੋਵੇ ਇਸ ਦਾ ਮੁਕਾਬਲਾ ਨਹੀਂ ਕਰ ਸਕਿਆ । ਅਤੇ ਕਿਵੇਂ ਇਹ ਮੁਕਾਬਲਾ ਹੋ ਸਕਦਾ ਹੈ । ਇਹ ਖ਼ੁਦਾ ਤਆਲਾ ਦਾ ਕਲਾਮ ਹੈ ਜੋ ਆਪ ਅਲੈਹਿ ਸਲਾਮ ਦੇ ਮੂੰਹੋਂ ਅਦਾ ਹੋਇਆ ਅਲੱਾਹ ਤਆਲਾ ਦੁਨੀਆ ਨੂੰ ਅਤੇ ਵਿਸੇਸ਼ ਤੌਰ'ਤੇ ਅਰਬ ਮੁਸਲਮਾਨਾਂ ਨੂੰ ਅਕਲ ਤੇ ਜੁਰੱਤ ਦੇਵੇ ਕਿ ਉਹ ਖ਼ਦਾ ਤਆਲਾ ਦੇ ਫ਼ਰਸਤਾਦੇ ਦੇ ਸੰਦੇਸ਼ ਨੂੰ ਸਮਝਣ ਅਤੇ ਉਮੱਤਿ ਮੁਸਲਿਮਾ ਨੂੰ ਅੱਜ ਫਿਰ ਇਕ ਉਮੱਤ ਬਨਾਉਣ ਵਿੱਚ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਇਸ ਸੱਚੇ ਗ਼ੁਲਾਮ ਲਈ ਸਹਾਇਕ ਬਨਣ । ਅਲੱਾਹ ਤਆਲਾ ਸਾਨੂੰ ਵੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਣ ਦੀ ਸ਼ਕਤੀ ਪ੍ਰਦਾਨ ਕਰੇ । ਆਮੀਨ ।

★★★★★★★★